ੴ

# ਕੂਕਿਆਂ ਦੀ ਵਾਰ

ਕਵੀ ਚਾਤਰ

# ਮਰਦ ਕਰਦ

ਮਰਦ ਕਰਦ ਬਿਨ ਫਰਦ, ਮਰਦ ਬਿਨ ਕਰਦ ਨਿਕੰਮੀ।
ਮਰਦ ਧਰਮ ਦੀ ਛੱਤ, ਕਰਦ ਛੱਤ ਹੇਠਾਂ ਥੰਮੀ।
ਮਰਦ ਕਰਦ ਇਤਫਾਕ ਕਰੇ, ਦੁਨੀਆਂ ਪਲਟਾਵੇ।
ਮਰਦ ਕਰਦ ਕੇ ਗੀਤ ਸਦਾ, ਕਵਿ ਚਾਤਰ ਗਾਵੇ।
ਮਰਦ ਕਰਦ ਕੋ ਲਾਜ ਹੈ, ਜੇ ਮੂੰਹ ਮੋੜੇ ਦੈਤ ਚੋਂ।
ਕਰੇ ਤਹੱਈਆ ਜੇ ਕਦੇ, ਤੇਲ ਨਿਕਾਲੇ ਰੇਤ ਚੋਂ।

"ਚਾਤਰ"

---

ਵਾਰ ਬਾਰੇ, ਸੰਤ ਇੰਦਰ ਸਿੰਘ ਜੀ 'ਚਕ੍ਰਵਰਤੀ'

# ਕੂਕਿਆਂ ਦੀ ਵਾਰ ਬਾਰੇ

ਇਹ ਵਾਰ, ਵਾਰਾਂ ਦੇ ਬਾਦਸ਼ਾਹ ਸ੍ਰੀ ਵਿਧਾਤਾ ਸਿੰਘ ਜੀ ਤੀਰ ਦੇ ਲਾਇਕ ਸ਼ਾਗ੍ਰਿਦ ਸ੍ਰਦਾਰ ਹਰਸਾ ਸਿੰਘ ਚਾਤ੍ਰਿ ਨੇ ਮੇਰੀ ਅਰਜ ਮੰਨ ਕੇ ਲਿਖੀ ਹੈ। ਚਾਤ੍ਰਿ ਜੀ ਦੀ ਵਾਰ ਲਿਖਣ ਦੀ ਸ਼ੈਲੀ ਆਪਣੀ ਹੈ, ਢੰਗ ਆਪਣਾ ਹੈ। ਪੰਜਾਬੀ ਸੰਸਾਰ ਵਿਚ ਆਪ ਨੂੰ 'ਵਾਰਾਂ' ਦਾ ਬਾਦਸ਼ਾਹ ਚਾਤ੍ਰਿ ਕਿਹਾ ਜਾਂਦਾ ਹੈ। ਬੀਰ ਰਸ ਤੇ ਰੌਦ੍ਰ ਰਸ ਦਾ ਕਮਾਲ ਹੈ। ਮੈਂ ਆਸ ਕਰਦਾ ਹਾਂ ਕਿ ਨਾਮਧਾਰੀ ਪ੍ਰਚਾਰਕ ਇਸ ਵਾਰ ਨੂੰ ਕੰਠ ਕਰਕੇ ਲੋਕਾਂ ਵਿਚ ਦੇਸ ਪੂਜਾ, ਗਊ ਰਖਿਆ ਦੇਸ ਧਰਮ ਤੋਂ ਕੁਰਬਾਣ ਹੋਣ ਦੀ ਭਾਵਨਾ ਪੈਦਾ ਕਰਨ ਲਈ ਢੋਲਕੀ ਨਾਲ ਗਾ ਕੇ ਸੁਣਾਇਆ ਕਰਨਗੇ। ਮੈਂ ਚਾਤ੍ਰਿ ਜੀ ਨੂੰ ਬਹੁਤੀ ਵਧਾਈ ਦੇਂਦਾ ਹਾਂ। ਮੇਰੀ ਅਰਦਾਸ ਹੈ ਕਿ ਚਾਤਰ ਵਧੇ ਫੁਲੇ। ਮੈਂ ਜਦ ਵੇਖਦਾ ਹਾਂ ਕਿ ਇਕ ਹੋਨਹਾਰ ਕਵੀ, ਜਿਸ ਨੂੰ ਆਹਲਾ ਕਮਾਲ ਹਾਸਲ ਹੈ, ਦੁਧ ਵੇਚ ਕੇ ਤੇ ਲੋਕਾਂ ਦੇ ਭਾਂਡੇ ਮਾਂਜ ਕੇ ਜੀਵਨ ਬਿਤਾਏ ਤਦ ਮੇਰੀਆਂ ਅੱਖਾਂ ਵਿੱਚ ਬੇਵਸੇ ਅਥਰੂ ਵਹਿ ਤੁਰਦੇ ਹਨ। ਪੰਜਾਬੀ ਦੇ ਕਦਰਦਾਨ ਇਕ ਪੰਜਾਬੀ ਦੇ ਬੇ ਨਜ਼ੀਰ ਸ਼ਾਇਰ ਦੀ ਇੰਨੀ ਕਦਰ ਵੀ ਨਹੀਂ ਕਰ ਸਕਦੇ ਕਿ—ਉਸ ਨੂੰ ਰੋਟੀਓਂ ਭੁੱਖਾ ਨਾ ਮਰਨਾ ਪਏ। ਇਹ ਪੰਜਾਬੀ ਦੀ ਸ਼ਾਇਰੀ ਦੀ ਬਦਕਿਸਮਤੀ ਹੀ ਕਹੀ ਜਾ ਸਕਦੀ ਹੈ। ਅੱਛਾ ਕਦੀ ਤੇ ਗਰੀਬ ਦੀ ਸੁਣੀ ਹੀ ਜਾਂਏਗੀ। ਮੇਰੀ ਅਰਦਾਸ ਹੈ ਚਾਤ੍ਰਿ ਵਧੇ ਫੁਲੇ ਰੱਬ ਇਸ ਨੂੰ ਭਾਗ ਲਾਂਏ।

## ਕੂਕਿਆਂ ਦੀ ਵਾਰ

੧. ਜਦ ਸੁੱਤਾ ਸ਼ੇਰ ਪੰਜਾਬ ਦਾ ਤੱਕ ਲਿਆ ਗਦਾਰਾਂ
ਤਦ ਚਿਠੀ ਪਾ ਕੇ ਸੱਦੀਆਂ ਪਾਰੋਂ ਸਰਕਾਰਾਂ।
ਆ ਮੁਦਕੀ ਅੰਦਰ ਤੇਗ ਤੋਂ ਚੰਨ ਚੜ੍ਹ ਹਜ਼ਾਰਾਂ।
ਪਰ ਲੰਕ ਲੁਟਾਈ ਭੇਤੀਆਂ ਗੋਰੇ ਦਿਆਂ ਯਾਰਾਂ।
ਫਿਰ ਵਿਚ ਸਭਰਾਵਾਂ ਖਾਲਸੇ ਬੱਧੀਆਂ ਦਸਤਾਰਾਂ।
ਪਰ ਉਹ ਵੀ ਖਫੱਲ ਹੋ ਗਈਆਂ ਤਕਦੀਰੀ ਹਾਰਾਂ।

੨. ਲੈ ਲੀਤੇ ਕੁਲ ਅੰਗਰੇਜ਼ ਨੇ ਹਥਿਆਰ ਚੁਕੰਨੇ।
ਪਾ ਨੱਥਾਂ ਸ਼ੇਰ ਪੰਜਾਬ ਦੇ ਕਿਲਿਆਂ ਤੇ ਬੰਨੇ।
ਫੜ ਸੱਪ ਖੜੱਪੇ ਕੀਲ ਕੇ ਕਰ ਛੱਡੇ ਅੰਨੇ।
ਇਉਂ ਪੀੜੀ ਅਣਖ ਪੰਜਾਬ ਦੀ ਜਿਉਂ ਵੇਲਣ ਗੰਨੇ।
ਜਦ ਬਾਜੀ ਹਰ ਜਾਏ ਕਿਸੇ ਦੀ ਕਿਸਮਤ ਨ ਮੰਨੇ।
ਤਦ ਬਕਰੀ ਚ ਜਾਏ ਸ਼ੇਰ ਤੇ ਚੜ੍ਹ ਪਾਸੇ ਭੰਨੇ।

੩. ਕੁਲ ਬੰਦੋਬਸਤ ਅੰਗਰੇਜ਼ ਨੇ ਹੁਣ ਨਵੇਂ ਸੰਭਾਲੇ।
ਕਈ ਨਵੀਆਂ ਪਾਈਆਂ ਛੌਣੀਆਂ ਸਰਹੱਦ ਉਦਾਲੇ।

ਕਈ ਭਰਤੀ ਕੀਤੇ ਗਭਰੂ ਮੱਖਣਾਂ ਦੇ ਪਾਲੇ।
ਕਈ ਫਾਂਸੀ ਲਾਏ ਸੂਰਮੇਂ ਜੋਧੇ ਕਣ ਵਾਲੇ
ਮੂੰਹ ਮੁੜ ਗਏ ਤੀਰ ਤੁਫੰਗ ਦੇ ਜੰਗ ਖਾਧਾ ਭਾਲੇ।
ਬੱਸ ਵੱਜ ਗਏ ਸ਼ੇਰ ਪੰਜਾਬ ਦੀ ਕਿਸਮਤ ਨੂੰ ਤਾਲੇ।

੪, ਇਉਂ ਗੋਰੇ ਗੋਸ਼ਤ ਖੋਰ ਸੀ ਰਹਿੰਦੇ ਹਲਕਾਏ।
ਇਨਾਂ ਬੁਚੜਖਾਨੇ ਆਣ ਕੇ ਹਰਾ ਜਗ੍ਹਾ ਬਣਾਏ।
ਜਦ ਚੱਲੇ ਛਾਊ ਗਰੀਬ ਤੇ ਖਪਰੇ ਤ੍ਰਿਹਾਏ।
ਮੂੰਹ ਚੁਕ ਅੜਿੰਗੇ ਅਰਸ਼ ਨੂੰ ਗਊਆਂ ਦੇ ਜਾਏ।
ਕੋਈ ਘੱਲੀਂ ਮਰਦ ਅਗੰਮੜਾ ਸਿਰ ਤਲੀ ਟਿਕਾਏ।
ਸਾਨੂੰ ਕੱਢੇ ਬੁਚੜ ਖਾਨਿਓਂ ਉਪਕਾਰ ਕਮਾਏ।

੫. ਇਹ ਕੂਕ ਸੁਣੀ ਕਰਤਾਰ ਨੇ ਸਤਵੇਂ ਅਸਮਾਨੀ।
ਉਸ ਘਲਿਆ ਇਕ ਪਰੇਰ ਕੇ ਸੂਰਾ ਲਾਸਾਨੀ।
ਉਹ ਗੁਰ ਨਾਨਕ ਦੀ ਜੋਤ ਸੀ ਰੰਗ ਰੂਪ ਰੁਬਾਨੀ।
ਉਸ ਸਿਮਰ ਸਿਮਰ ਗੁਰਦੇਵ ਨੂੰ ਕੀਲੇ ਅਭਿਮਾਨੀ।
ਭਰ ਨੈਣ ਜਿਨੂੰ ਵੀ ਵੇਖਿਆ ਚੜ੍ਹ ਗਈ ਗਿਰਾਨੀ।
ਉਹ ਸੂਰਜ ਬਣ ਕੇ ਚਮਕਿਆ ਵਿਚ ਦੋਹੀਂ ਜਹਾਨੀ।

੬. ਸੀ ਰੌਲਾ ਪਿਆ ਸਮਾਜ ਦਾ ਬੇਈਮਾਨੀ ਚੱਲੀ।
ਆ ਸਾਧਾਂ ਦੀ ਥਾਂ ਜਗ ਤੇ ਚੋਰਾਂ ਨੇ ਮੱਲੀ।

ਕੋਈ ਅਬਲਾ ਜਾ ਨਾ ਸਕਦੀ ਕਿਧਰੇ ਵੀ ਕੱਲੀ।
ਸੀਂਹ ਰਾਜੇ ਕੁੱਤੇ ਅਹਿਦੀਏ ਸਭ ਦੁਨੀਆਂ ਝੱਲੀ।
ਜਦ ਵੱਜੀ ਹਰ ਇਕ ਮੰਦਰੀਂ ਖਤਰੇ ਦੀ ਟੱਲੀ।
ਤਦ ਅਰਸ਼ੋਂ ਨਾਨਕ ਗੁਰੂ ਨੇ ਰੂਹ ਆਪਣੀ ਘੱਲੀ।

੭. ਉਸ ਕਲਜੁਗ ਅੰਦਰ ਆ ਕੇ ਸਤਜੁਗ ਵਰਤਾਇਆ।
ਉਸ ਸੁੱਤਾ ਮੁਲਕ ਪੰਜਾਬ ਦਾ ਲਾ ਅਣਖ ਜਗਾਇਆ।
ਉਸ ਕੰਨਾਂ ਮੰਨਾਂ ਜੀਹਦਿਆਂ ਕੰਨਾਂ ਵਿਚ ਪਾਇਆ।
ਉਹ ਬਣਿਆ ਸਾਧ ਸ਼ੈਤਾਨ ਤੋਂ ਅਸਚਰਜ ਵਿਖਾਇਆ।
ਜਦ ਪੈਂਦਾ ਡਿੱਠਾ ਜੱਗ ਤੇ ਜ਼ੁਲਮਾਂ ਦਾ ਸਾਇਆ।
ਤਦ 'ਜੁਗਜੁਗ ਭਗਤ ਉਪਾਇਕੈਪੈਜਰਖਦਾ ਆਇਆ'।

੮. ਉਹ ਚੀਨੀ ਵਾਲਾ ਸੂਰਮਾਂ ਪਏ ਆਖਣ ਦਾਨੇ।
ਉਹ ਸੋਹਣੀ ਜਗਦੀ ਜੋਤ ਦੇ ਆਸ਼ਕ ਪਰਵਾਨੇ।
ਉਸ ਖਿੜੇ ਰੂਹਾਨੀ ਫੁੱਲ ਦੇ ਭੌਰੇ ਮਸਤਾਨੇ।
ਉਹ ਨਾਮ ਖੁਮਾਰੀ ਵੰਡਦਾ ਲੈ ਪੀਣ ਦੀਵਾਨੇ।
ਉਹ ਜਿਥੇ ਜਿਥੇ ਵੱਸਿਆ ਖਿੜ ਗਏ ਵੀਰਾਨੇ।
ਆ ਸਾਦਕ ਨਜ਼ਰ ਗੁਜ਼ਾਰਦੇ ਦਿਲ ਦੇ ਨਜ਼ਰਾਨੇ।

੯. ਜੋ ਹੈਸਨ ਚੇਲੇ ਓਸ ਦੇ ਉਸ ਤੋਂ ਵੀ ਧੱਕੇ।
ਨਾ ਕਾਣ ਕਿਸੇ ਦੀ ਝਲਦੇ ਨਾ ਸਹਿੰਦੇ ਧੱਕੇ।

ਉਨ੍ਹਾਂ ਥਾਂ ਥਾਂ ਵੈਰੀ ਧਰਮ ਦੇ ਧਰਤੀ ਤੋਂ ਚੱਕੇ।
ਉਨ੍ਹਾਂ ਜ਼ਾਲਮ ਜ਼ੁਲਮ ਗੁਜਾਰਦੇ ਖੰਡ ਵਾਂਗੂ ਫੱਕੇ।
ਜਦ ਰੋਹੜੇ ਰਤ ਵਿਚ ਵਿਚ ਕੂਕਿਆਂ ਜ਼ਾਲਮ ਦੇ ਸੱਕੇ।
ਤਦ ਹਲ ਚਲ ਪੈ ਗਈ 'ਚਾਤਰਾ' ਲੰਡਨ ਦੇ ਮੱਕੇ।

੧੦. ਜਾ ਵਿਚ ਅਦਾਲਤ ਮਾਰੀਆਂ ਬੁਚੜਾਂ ਨੇ ਧਾਹੀਂ।
ਸਾਨੂੰ ਮਾਰ ਮੁਕਾਇਆ ਕੂਕਿਆਂ ਹਥਿਆਰਾਂ ਰਾਹੀਂ।
ਅਸੀਂ ਡਰਦੇ ਰਹਿਨਸਕੀਏ ਵਿਚ ਸ਼ਹਿਰ ਗਿਰਾਹੀਂ।
ਨਾ ਸੁਣਦਾ ਸਾਡੀ ਕੋਈ ਵੀ ਲਾ ਆਏ ਵਾਹੀਂ।
ਹਨ ਭੈਣੀ ਅੰਦਰ ਹੁੰਦੀਆਂ ਇਹ ਰੋਜ਼ ਸਲਾਹੀਂ।
ਅਸੀਂ ਬਿਦ ਬਿਦ ਬੁੱਚੜ ਵਢਣੇ ਦੁੱਖ ਕਦਣੀ ਨਾਹੀਂ।

੧੧. ਸੁਣ ਤਹਿ ਤਕ ਪਹੁੰਚ ਅਦਾਲਤਾਂ ਲਿਖੇ ਪਰਵਾਨੇ।
ਝੱਟ ਪਕੜ ਲਿਆਂਦੇ ਸੂਰਮੇਂ ਕੂਕੇ ਮਸਤਾਨੇ।
ਉਹ ਹਸ ਹਸ ਝੂਟੇਂ ਫਾਸੀਆਂ ਪੜ ਕੇ ਸ਼ੁਕਰਾਨੇ।
ਵਰ ਲਈ ਸ਼ਹੀਦੀ ਲਾੜਿਆਂ ਬੰਨ੍ਹ ਹਥੀਂ ਗਾਨੇ।
ਜੋ ਦੇਵਣ ਆਪਣੇ ਧਰਮ ਨੂੰ ਸਿਰ ਦੇ ਨਜ਼ਰਾਨੇ।
ਉਹ ਦੁਨੀਆਂ ਦੇ ਇਤਿਹਾਸ ਨੂੰ ਲਾ ਜਾਣ ਨਿਸ਼ਾਨੇ।

੧੨. ਸਿੰਘ ਮਾਘੀ ਮੇਲਾ ਕਰਨ ਨੂੰ ਚਲ ਭੈਣੀ ਆਏ।
ਹੋ ਹਾਜ਼ਰ ਸ੍ਰੀ ਹਜ਼ੂਰ ਦੇ ਦੀਵਾਨ ਸਜਾਏ।

ਲੈ ਕੁੱਟੇ ਛੈਣੇ ਢੋਲਕੀ ਫੱਸ ਗੁਰ ਦੇ ਗਾਏ।
ਜੀ ਖੋਲ ਖੋਲ ਮਸਤਾਨਿਆ ਨਚ ਤਾਲ ਮਿਲਾਏ।
ਜੋ ਕੇਸਾਂ ਕਾ ਕਰ ਲਿਖਿਆ ਸੋ ਚਵਰ ਝੁਲਾਏ।
ਜੇ ਵੇਖ ਲਵੇ ਵਡਭਾਗ ਸਿੰਘ ਮੂੰਹ ਨੀਵਾਂ ਪਾਏ।

੧੩. ਸੀ ਜੋ ਫਾਂਸੀ ਤੇ ਚੜ੍ਹਦਿਆਂ ਨ ਕੰਬੇ ਥਿੜਕੇ।
ਜਿਨ੍ਹਾਂ ਖੋਹੀ ਛੁਰੀ ਜਲਾਦ ਦੀ ਗਊਆਂ ਤੋਂ ਚਿੜਕੇ।
ਜਿਨ੍ਹਾਂ ਲਈ ਸ਼ਹੀਦੀ ਸੂਰਿਆਂ ਹਥੋ ਹੱਥ ਭਿੜਕੇ।
ਜਿਨ੍ਹਾਂ ਜ਼ਾਲਮ ਜ਼ੁਲਮ ਗੁਜ਼ਾਰਦੇ ਮਾਰੇ ਤੇ ਝਿੜਕੇ।
ਜਿਨ੍ਹਾਂ ਕੇਸਰ ਦੀ ਥਾਂ ਧਰਮ ਨੂੰ ਲਹੂ ਆਪਣੇ ਛਿੜਕੇ।
ਲਾ ਵਾਰਾਂ ਗਾਈਆਂ ਕੂਕਿਆਂ ਉਨ੍ਹਾਂ ਦੀਆਂ ਤਿੜਕੇ।

੧੪. ਤਦ ਉਬਲੀ ਰੱਤ ਪਿਆਰ ਦੀ ਮਸਤਾਨੇ ਨੱਚੇ।
ਉਹ ਅਣਖ ਸ਼ਰਾਰੇ ਸਾਹਮਣੇ ਅਣਖੀ ਦੇ ਮੱਚੇ।
ਉਹ ਰੋਹ ਵਿਚ ਟੁੱਕਣ ਉਂਗਲਾਂ ਸ਼ੇਰਾਂ ਦੇ ਬੱਚੇ।
ਕਈ ਆਏ ਵਿਚ ਵੈਰਾਗ ਦੇ ਭਰ ਨੈਣ ਚੁਬੱਚੇ।
ਅਈ ਆਖਣ ਮਿਲਣ ਗਦਾਰ ਜੇ ਖਾ ਜਾਈਏ ਕੱਚੇ।
ਜਿਨ੍ਹਾਂ ਫਾਂਸੀ ਲਾਏ 'ਚਾਤਰ' ਧਰਮੀਂ ਤੇ ਸੱਚੇ।

੧੫. ਫਰਵਾਹੀ ਗੁਰਮੁਖ ਸਿੰਘ ਨੇ ਇਉਂ ਕਿਹਾ ਖਲੋ ਕੇ।
ਗਲ ਸੁਣ ਲੌ ਜਿਗਰੇ ਵਾਲਿਓ ਹਥ ਜਿੰਦੋਂ ਧੋ ਕੇ।

ਹੁਣ ਪਾਣੀ ਲੰਘਦਾ ਜਾ ਰਿਹਾ ਉਤੋਂ ਦੀ ਹੋਕੇ।
ਜੇ ਸਿੰਘ ਨਾ ਰੋਕਣ ਜ਼ੁਲਮ ਨੂੰ ਨੱਕ ਮਰਨ ਡਬੋ ਕੇ।
ਜਿਨ੍ਹਾਂ ਹਥੋਂ ਅਣਖਾਂ ਦਿਤੀਆਂ ਦਿਨ ਕੱਢੇ ਰੋ ਕੇ।
ਉਹ ਪਾਉਂਦੇ ਨੇ ਸ਼ਰਮਿੰਦਗੀ ਗਲ ਹਾਰ ਪਰੋਕੇ।

੧੬. ਜਿਦਾ ਜੀਵਨ ਜੋਗਾ ਧਰਤ ਦੇ ਧੁਰ ਹੇਠ ਖਲੋਵੇ।
ਜਿਦਾ ਸਾਰੀ ਦੁਨੀਆਂ ਵਾਸਤੇ ਰਜ ਮੁੜ੍ਹਕਾ ਚੋਵੇ।
ਜਿਦੀ ਘਾਲ ਕਮਾਈ ਜੱਗ ਦੀ ਗੁਰਬਤ ਨੂੰ ਖੋਵੇ।
ਦੋ ਵੇਲੇ ਧਾਰਾਂ ਜਿਸ ਤੋਂ ਕੁਲ ਦੁਨੀਆਂ ਚੋਵੇ।
ਉਹ ਹਥ ਆਈ ਜਲਾਦ ਦੇ ਗਊ ਮਾਤਾ ਰੋਵੇ।
ਪਰ ਇਹ ਤਾਂ ਮਿਹਣਾਂ ਮਿਤਰੋਂ ਮਰਦਾਂ ਨੂੰ ਹੋਵੇ।

੧੭. ਅਜੇ ਕਲ ਮਲੇਰੀ ਕੋਟਲੇ ਹੋਇਆ ਇਹ ਕਾਰਾ।
ਸੀ ਬੌਲਦ ਕਾਬੂ ਮਹਿਰ ਦੇ ਬੇ ਬੱਸ ਵਿਚਾਰਾ।
ਉਸ ਉਤੇ ਚੋਖਾ ਭਾਰ ਸੀ ਝੱਲੇ ਦੁਖਿਆਰਾ।
ਸੀ ਗਾਈਓਂ ਉਤੋਂ ਭਾਰ ਦੇ ਭਾਰੇ ਤੋਂ ਭਾਰਾ।
ਮੈਂ ਹਉਕਾ ਭਰਿਆ ਵੇਖ ਕੇ ਇਹ ਜ਼ੁਲਮ ਨਜ਼ਾਰਾ।
ਪਰ ਕੀ ਕਰਦਾ ਲਾਚਾਰ ਸਾਂ ਚਲਿਆ ਨਾ ਚਾਰਾ।

੧੮. ਮੈਂ ਆਖਿਰ ਆਖਿਆ ਮਹਿਰ ਨੂੰ ਕਿਉਂ ਕਹਿਰ ਕਮਾਵੇਂ।
ਤੂੰ ਬੰਦਾ ਵਿਚ ਮੁਕਾਬਲੇ ਇਹ ਡੰਗਰ ਭਾਵੇਂ'।

ਜਿੰਦ ਤੇਰੇ ਵਰਗੀ ਏਸਦੀ, ਪਰ ਰਹਿਮ ਨਾ ਖਾਵੇਂ।
ਕਿਉਂ ਭਾਰ ਭਾਰ ਤੇ ਚਾੜ੍ਹਕੇ, ਬੇਦੋਸ਼ ਸਤਾਵੇਂ।
ਜੇ ਭਾਰ ਤੇਰੇ ਤੇ ਲੱਦੀਏ, ਇਸੇ ਦੇ ਸੁਾਵੇਂ।
ਫਿਰ ਕਿਵੇਂ ਮੁਕਾਵੇਂ ਮੰਜ਼ਲਾਂ, ਕਿਧਰ ਨੂੰ ਜਾਵੇਂ।

੧੯. ਫਿਰ ਕੀ ਸੀ ਕਾਜੀ ਪੈ ਗਿਆ, ਗਲ ਭਰਿਆ ਪੀਤਾ।
ਨਾ ਅੱਗਾ ਪਿੱਛਾ ਵੇਖਿਆ, ਢਾਹ ਬੋਲਦ ਲੀਤਾ।
ਉਸ ਰੱਖੀ ਛੁਰੀ ਬੇਦੋਸ਼ ਤੇ, ਬਿਸਮਿਲਾ ਕੀਤਾ।
ਇਉਂ ਬੇ ਜ਼ਬਾਨ ਅੜਿੰਗਿਆ, ਜਿਉਂ ਜ਼ਖਮੀ ਚੀਤਾ।
ਜਦ ਮੱਛੀ ਵਾਂਗੂ ਤੜਫਿਆ, ਹੋ ਕੇ ਭੈ ਭੀਤਾ।
ਮੇਰੇ ਅੰਦਰ ਬਦਲਾ ਲੈਣਦਾ, ਲਗ ਗਿਆ ਪਲੀਤਾ।

੨੦. ਮੈਂ ਓਦੋਂ ਤੋਂ ਹਾਂ ਸੜ ਰਿਹਾ, ਕੋਈ ਸਾੜ ਮਿਟਾਓ।
ਜਿਸ ਫੇਰੀ ਛੁਰੀ ਬੇਦੋਸ਼ ਤੇ, ਉਸਨੂੰ ਝਟਕਾਓ।
ਇਹ ਲਾਅਨਤ ਵਡੀ ਦੇਸ ਚੋਂ, ਫੜ ਪਾਰ ਪੁਚਾਓ।
ਕੋਈ ਕਰੇ ਵਧੀਕੀ ਕਦੇ ਨ, ਹਥ ਐਸੇ ਲਾਓ।
ਜ਼ੇ ਨਹੀਂ ਤਾਂ ਤੋਲਾ ਸੰਖਿਆ, ਮੇਰੇ ਮੂੰਹ ਪਾਓ।
ਮੈਨੂੰ ਇਸ ਜੀਵਨ ਤੋਂ ਦੋਸਤੋ, ਆਜ਼ਾਦ ਕਰਾਓ।

੨੧. ਸੁਣ ਗੁਸਾ ਖਾਧਾ ਕੂਕਿਆਂ, ਅਰਦਾਸ ਸੁਧਾਈ।
ਅਸੀਂ ਆਏ ਚੀਨੀ ਵਾਲਿਆ, ਤੇਰੀ ਸ਼ਰਨਾਈ।

ਤੈਨੂੰ ਰਖਿਆ ਦੀਨ ਗਰੀਬ, ਦੀ ਹੈ ਕਰਨੀ ਆਈ।
ਤੂੰ ਹਰ ਦੀ ਔਕੜ ਝੱਲਦੈਂ, ਲੈ ਪੀੜ ਪਰਾਈ।
ਤੂੰ ਰਾਮ ਰੂਪ ਹੈਂ ਰਾਮ ਤੋਂ, ਦੇ ਰਿਹਾ ਦਿਖਾਈ।
ਜਿਸ ਓਟ ਤਕਾ ਲਈ ਸਤਗੁਰਾਂ, ਜਮ ਤ੍ਰਾਸ ਮਿਟਾਈ

੨੨. ਹੇ ਸਤਿਗੁਰ ਨਿਰਬਲਅਸੀਂ ਹਾਂ, ਬਲ ਆਪਣ ਭਰਦੇ
ਕੁਝ ਚਿਣਗ ਚਵਾੜੀ ਨਾਮ ਦੀ, ਮਨ ਅੰਦਰ ਧਰਦੇ।
ਅਸੀਂ ਚਿੜੀਆਂਵਰਗੇ ਜੀਵ ਹਾਂ, ਬਾਜ਼ਾਂਤੁਲਕਰਦੇ।
ਪਾ ਝਾਤੀ ਨੂਰੀ ਨਜ਼ਰ ਚੋਂ, ਹਾਂ ਕੂਕਰ ਦਰਦੇ।
ਜਿਉਂ ਅਗੇ ਆਏ ਸੂਰਮੇ, ਰਤ ਕਾਂਗਾਂ ਤਰਦੇ।
ਤਿਉਂ ਤਰਨ ਲਗੇ ਨੇ 'ਚਾਤਰਾ', ਅਜ ਤੇਰੇ ਬਰਦੇ।

੨੩. ਹੰਡਿਆਏ ਵਾਲੀ ਇੰਦ ਨੇ, ਕੋਠੇ ਤੇ ਚੜ੍ਹ ਕੇ।
ਲਾਹ ਸਿਰ ਤੋਂ ਪੱਲੂ ਫੇਰਿਆ, ਅਣਖਾਂ ਵਿਚ ਸੜ ਕੇ।
ਅਜ ਉਠੋ ਮਰਦੋ ਕੂਕਿਓ, ਗੁਰ ਮੰਤਰ ਪੜ੍ਹ ਕੇ।
ਸਿਰ ਦੇਕੇ ਲਵੋ ਸ਼ਹੀਦੀਆਂ, ਤਕਦੀਰਾਂ ਘੜ ਕੇ।
ਜਿਸ ਧਰਮੋਂ ਮੂੰਹ ਨਾ ਮੋੜਿਆ,ਸਿਰ ਦਿਤਾ ਲੜ ਕੇ।
ਉਹਦਾ ਧੜ ਵੀ ਧੋੜੇ ਲਾਏਗਾ, ਜ਼ਾਲਮ ਦੇ ਫੜ ਕੇ।

੨੪. ਫਿਰ ਸੌ ਸਵਾ ਸੌ ਹੋਰ ਵੀ, ਨਿਕਲੇ ਪਰਵਾਨੇ।
ਉਨ੍ਹਾਂ ਪੀਤੇ ਰੇਠੇ ਰਗੜ ਕੇ, ਲਾਹ ਸੰਗ ਬਹਾਨੇ।

ਉਨ੍ਹਾਂ ਅੰਤਮ ਮਥਾ ਟੇਕਿਆ, ਹੱਥ ਬਧੇ ਗਾਨੇ।
ਤੂੰ ਬਿਰਧ ਪਛਾਣੀ ਸਤਿਗੁਰਾਂ, ਕਿਹਾ ਇਕ ਜ਼ਬਾਨੇ।
ਅਸੀਂ ਆਸ਼ਕ ਤੇਰੇ ਨਾਮ ਦੇ, ਕਮਲੇ ਮਸਤਾਨੇ।
ਸਾਨੂੰ ਬਖਸ਼ ਸ਼ਹੀਦੀ ਪਾਲੀਏ, ਸਿਰ ਨਾਲ ਯਰਾਨੇ।

੨੫. ਫਿਰ ਲੰਘਰ ਛਡ ਕੇ ਸਾਰਿਆਂ, ਰਾਹ ਪੈਂਡੇ ਮੱਲੇ।
ਬਲ ਬਖਸ਼ੀਂ ਤੇਗ ਬਹਾਦਰਾ, ਹਾਂ ਜੂਝਣ ਚੱਲੇ।
ਸਿਰ ਨਾਲ ਸ਼ਹੀਦੀ ਲਵਾਂਗੇ, ਕਰ ਭਾਅ ਸੁਵੱਲੇ।
ਅਸੀਂ ਲੱਖ ਵੱਖ ਨੂੰ ਸੋਧੀਏ, ਰਣ ਵਿਚ ਇਕੱਲੇ।
ਸਾਨੂੰ ਸਾਰੀ ਦੁਨੀਆਂ ਆਖਦੀ, ਕਮਲੇ ਤੇ ਝੱਲੇ।
ਪਰ ਲਗੀਆਂ ਵਾਲਾ ਜਾਣਦਾ, ਫੱਟ ਜੀਹਦੇ ਅੱਲੇ।

੨੬. ਫਿਰ ਹੀਰਾਸਿੰਗ ਗਰੈਵਾਲ ਨੇ, ਇਕ ਲੀਕ ਵਗਾਈ।
ਟੱਪ ਲੀਕੋਂ ਗਲ ਸਰਦਾਰ ਨੇ, ਇਓਂ ਆਖ ਸੁਣਾਈ।
ਜਿਸ ਧਰਮੋਂ ਮੂੰਹ ਨਾ ਮੋੜਨਾ, ਲੈ ਪੀੜ ਪਰਾਈ।
ਜਿਦੇ ਪਿਉ ਦਾਦੇ ਨੇ ਦੋਸਤੋ, ਨਹੀਂ ਲੀਕ ਲਵਾਈ।
ਜਿਸ ਗਊ ਹਤਿਆਰੇ ਵਢਣੇ, ਦਿਲ ਪੱਕ ਪਕਾਈ।
ਉਹ ਲੰਘੇ ਏਸ ਲਕੀਰ ਨੂੰ, ਸਿਰ ਦੇਵੇ ਸਾਈਂ।

੨੭. ਜੋ ਟੱਪੇ ਆਣ ਲਕੀਰ ਤੋਂ, ਸਨ ਇਕ ਸੌ ਚਾਲੀ।
ਜਿਨ੍ਹ ਅਣਖ ਆਨ ਗੁਰ ਸਿਖ ਦੀ, ਸਿਰ ਨਾਲ ਸੰਭਾਲੀ

ਜਿਨ੍ਹ ਅੰਦਰ ਲਾਟ ਅਗੰਮ ਦੀ, ਸਤਿਗੁਰ ਨੇ ਬਾਲੀ।
ਪਏ ਆਖਣ ਚੀਨੀ ਵਾਲਿਆਂ, ਰਖੀਂ ਰਖਵਾਲੀ।
ਅਸੀਂ ਲੈ ਕੇ ਤੇਰਾ ਆਸਰਾ, ਜੋ ਰਖ ਵਿਖਾਲੀ।
ਤੂੰ ਕਰੀਂ ਮੁਰਾਦਾਂ ਪੂਰੀਆਂ, ਰਹਿ ਜਾਵੇ ਲਾਲੀ।

੨੮. ਤੁਰ ਪਏ ਅਰਦਾਸਾ ਸੋਧ ਕੇ, ਬੰਨ ਸਿਰੀਂ ਮੁੜਾਸੇ।
ਓ ਸ਼ੇਰਾਂ ਵਾਂਗੂੰ ਬੁਕੱਦੇ, ਸਤਿਗੁਰ ਭਰਵਾਸੇ।
ਜੋ ਅਗੇ ਰੌੜਾ ਅਟਕਿਆ, ਕੀਤਾ ਇਕ ਪਾੜ੍ਹੇ।
ਦੇ ਦਿਤੇ ਲਾੜੀ ਮੌਤ ਨੂੰ, ਹਰ ਤਰ੍ਹਾਂ ਦਿਲਾਸੇ।
ਜਿਸ ਰਾਹੋਂ ਕੂਕੇ ਲੰਘਦੇ, ਲੈ ਹਥ ਗੰਡਾਸੇ।
ਪਏ ਜ਼ੁਲਮ ਲੁਕਦੇ ਅੰਦਰੀਂ, ਡਰ ਨਾਲ ਹਰਾਸੇ।

੨੯. ਸੰਨ ਠਾਰਾਂ ਸੌ ਬਹਤਰਾਂ, ਮਾਘੀ ਦੇ ਪਾਲੇ।
ਜਦ ਪੁਜੇ ਅੰਦਰ ਕੋਟਲੇ, ਕੂਕੇ ਮਤਵਾਲੇ।
ਲੰਘ ਕੇ ਢਾਈ ਦਰਵਾਜਿਓਂ, ਹਥਿਆਰ ਸੰਭਾਲੇ।
ਜੋ ਅੜਿਆ ਜਮ ਪੁਰ ਭੇਜਿਆ, ਕਰ ਮੌਤ ਹਵਾਲੇ।
ਫਿਰ ਬੁਚੜਖਾਨੇ ਪਹੁੰਚ ਕੇ, ਉਹ ਹਥ ਵਿਖਾਲੇ।
ਜੋ ਰਹਿ ਗਏ ਬੁਚੜ ਬੀਜਵੀ, ਭੁਲੇ ਨਹੀਂ ਹਾਲੇ।

੩੦. ਪਈ ਹਫਰਾ ਦਫਰੀ ਸ਼ਹਿਰ ਨੂੰ, ਲੋਕੀਂ ਘਬਰਾਏ।
ਇਹ ਕਿਥੋ ਜੰਮੇ ਜਮ ਨੇ, ਕੁਝ ਸਮਝ ਨਾ ਆਏ।

ਜਿਸ ਆ ਪਾਜੀ ਨੇ ਸਾਹਮਣੇ, ਹਥਿਆਰ ਉਠਾਏ।
ਉਹ ਦੀ ਅਜ਼ਲੋਂ ਟੂਟੀ ਡੋਰ ਨੂੰ, ਗੰਢ ਕਿਹੜਾ ਲਾਏ।
ਸਿੰਘ ਗੁਰਮੁਖ ਸਿੰਘ ਦੀ ਗਲ ਨੇ, ਹੈਸੀ ਚਮਕਾਏ।
ਓਹਨਾਂ ਭਰ ਭਰ ਬੇੜੇ ਜ਼ੁਲਮ ਦੇ, ਰੱਤ ਧਾਰ ਲਹਾਏ।

੩੧. ਸੁਣ ਆਏ ਵਿਚ ਮੁਕਾਬਲੇ, ਚੁਗਿਰਦੋਂ ਠਾਣੇ।
ਇਕ ਅਹਿਮਦ ਖਾਂ ਕਤਵਾਲਸੀ, ਕੁਲ ਦੁਨੀਆਂ ਜਾਣੇ।
ਤੇ ਮੁਨਸ਼ੀ ਹਾਫ਼ਜ਼ ਅਲੀ ਵੀ, ਕਰ ਜ਼ੋਰ ਧਿੰਗਾਣੇ।
ਲੈ ਧਾੜ ਪੁਲਸ ਦੀ ਆ ਪਿਆ, ਬਦਲਾ ਕੇ ਬਾਣੇ।
ਪਰ ਸਿੰਘਾਂ ਭੰਨੇ ਖੋਪਰੇ, ਜੀਕਣ ਹਦਵਾਣੇ।
ਰੱਤ ਡੱਲੀ ਉਠੇ ਬੁਲਬੁਲੇ, ਸਾਗਰ ਸਰਮਾਣੇ।

੩੨. ਸੀ ਚਾਹੇ ਖੁਦਾਈਆ ਸੂਰਮਾ, ਆਪਣੇ ਨੂੰ ਕਹਿੰਦਾ।
ਤੇ ਮਰਦ ਸ਼ਹਾਦਤ ਖਾਨ ਵੀ, ਬਣ ਠਣਕੇ ਰਹਿੰਦਾ।
ਸੀ ਗਾਜੀ ਅਬਦੁਲ ਰਹੀਮ ਖਾਂ, ਨਿਤ ਕੰਧੀ ਖਹਿੰਦਾ।
ਗੁਲਾਮ ਮੁਹੰਮਦ ਸਾਹਮਣੇ, ਸਿਰ ਸੱਟਾਂ ਸਹਿੰਦਾ।
ਸੀ ਸੌ ਸਿਪਾਹੀ ਇਕ ਦੇ, ਨਿੱਤ ਤਾਬੇ ਰਹਿੰਦਾ।
ਇਹ ਗੱਲਾ ਮੁਲਕਲਾ ਮੌਤਤੋਂ, ਵੀ ਨਹੀਂ ਸੀਵਹਿੰਦਾ।

੩੩. ਪਰ ਕੂਕੇ ਖਫਣ ਬੰਨ੍ਹ ਕੇ ਰਣ ਵਿਚ ਲਲਕਾਰੇ।
ਲੈ ਆਓ ਬੁਚੜੇ ਆਪਣੇ, ਕੁਲ ਯਾਰ ਪਿਆਰੇ।

ਅਸੀਂ ਇਕੋ ਵਾਰੇ ਮਾਰਕੇ, ਲਾਹ ਸੁਟੀਏ ਭਾਰੇ।
ਅਸੀਂ ਫਰਜ਼ ਨਭਾ ਕੇ ਪੁਜੀਏ, ਸਤਿਗੁਰੂ ਦੁਆਰੇ।
ਜੋ ਗਊ ਗਰੀਬਾਂ ਵਾਸਤੇ, ਹੈਸੀ ਹਤਿਆਰੇ।
ਉਹ ਸਿੰਘਾਂ ਦੀ ਤਲਵਾਰ ਨੇ, ਚੁਣ ਚੁਣ ਕੇ ਮਾਰੇ।

੩੪. ਜੋ ਅਣਖੀ ਮਾਂ ਦਾ ਪੁਤ ਹੈ, ਉਹ ਆਵੇ ਅੱਗੇ।
ਅਜ ਤੇਗ ਅਸਾਡੀ ਦੁਸ਼ਟ ਨੂੰ, ਰਣ ਅੰਦਰ ਠੱਗੇ।
ਅਸੀਂ ਸੱਟਾਂ ਮਾਰ ਬਹਾਈਏ, ਖਾਨਾਂ ਦੇ ਘੱਗੇ।
ਅਸੀਂ ਮੌਤਾਂ ਅੰਦਰ ਸ਼ਹਿਰ ਦੇ, ਵੰਡਣ ਹਾਂ ਲੱਗੇ।
ਕੋਈ ਰਹੇ ਨਾ ਵਿਰਵਾ ਛਾਂਦਿਓ, ਲੌ ਪੂਰੇ ਸੱਗੇ।
ਅਸੀਂ ਆਏ ਅੱਜ ਛੁਡਾਉਣ ਹਾਂ, ਗਊਆਂ ਤੇ ਵੱਗੇ।

੩੫. ਵਧ ਹੀਰਾ ਸਿੰਘ ਗਰੇਵਾਲੀਆ, ਤਲਵਾਰ ਚਲਾਵੇ।
ਉਹਦਾ ਵਾਰ ਇਕਲਾ ਦੋਂ ਨੂੰ, ਧਰਤੀ ਤੇ ਪਾਵੇ।
ਤੇ ਲਹਿਣਾ ਸਿੰਘ ਵੀ ਜਿਸਨੂੰ, ਕਢ ਮੌਤ ਵਿਖਾਵੇ।
ਉਹ ਦੋ ਗਜ਼ ਧਰਤੀ ਮੰਗਦਾ, ਛਡ ਕੂੜੇ ਦਾਵੇ।
ਇਹ ਦੋਵੇਂ ਮੌਤਾਂ ਵੰਡਦੇ, 'ਚਾਤਰ' ਵਰਤਾਵੇ।
ਜੋ ਚੜ੍ਹ ਕੇ ਆਵੇ ਇਨ੍ਹਾਂ . ਤੇ, ਦੋਜ਼ਕ ਵਿਚ ਜਾਵੇ।

੩੬. ਸੀ ਮਾਈ ਭਾਗੋ ਵਾਂਗਰਾਂ, ਇੰਦ ਕੌਰਾਂ ਲੜਦੀ।
ਉਸ ਹਥ ਗੰਡਾਸਾ ਪਕੜਿਆ, ਲਾਹ ਪਾਸਾ ਖੜਦੀ।

ਉਹ ਜਿਧਰ ਜਿਧਰ ਝੂੰਮਦੀ, ਗੁਰਮੰਤਰ ਪੜ੍ਹਦੀ।
ਬਸ ਓਧਰ ਓਧਰ ਟੁਟਦੀ, ਲਗੀ ਸਿਰ ਧੜ ਦੀ।
ਉਹ ਪਈ ਕਮਾਲ ਵਖਾਲਦੀ, ਨੈ ਬਣਕੇ ਹੜ੍ਹ ਦੀ।
ਜਿੰਦ ਕਢੇ ਜਿਸ ਵਰਿਆਮ ਦੀ,ਮੁੜ ਕੇ ਨਾ ਵੜਦੀ।

੩੭. ਹਰ ਕੂਕਾ ਹੈਸੀ ਜਾਤਦਾ ,ਨਲੂਏ ਦੀ ਨਿਆਈਂ।
ਹੱਥ ਸ਼ਸ਼ਤਰ ਭਿੱਜੇ ਰੱਤ ਦੇ, ਦਿਸ ਰਹੇ ਬਲਾਈਂ।
ਜਾ ਜਿਥੇ ਜਿਥੇ ਕੂਕਦੇ, ਮੌਤਾਂ ਦੇ ਸਾਈਂ।
ਓਹ ਕਾਤਲ ਡਿਗੇ ਜਿਨ੍ਹਾਂ ਨੇ,ਕਤਲਾਦੀਆਂ ਗਾਈਂ।
ਸੀ ਜਿਸ ਨੇ ਬੋਲਦ ਲੱਦਿਆਂ, ਪਾ ਭਾਰ ਅਜਾਈਂ।
ਉਹ ਬਿਦ ਕੇ ਸਿੰਘਾਂ ਮਾਰਿਆ ਕਾਜ਼ੀ ਤੇ ਰਾਈਂ।

੩੮. ਜਦ ਘੜੀਆਂ ਅੰਦਰ ਖਾਲਸੇ, ਪਾ ਗਏ ਭਸੂੜੀ।
ਤਦ ਵਿਛੀ ਕਸਾਈਆਂ ਦੇ ਘਰਾਂ,ਇਕ ਵਢੋਂ ਫੂੜੀ।
ਜੋ ਸਮਝਣ ਗਊ ਗਰੀਬ ਨੂੰ, ਹਲਵਾ ਤੇ ਪੂੜੀ।
ਓਹ ਧਰਤ ਸੁਵਾਏ ਕੂਕਿਆਂ ਦੇ, ਨੀਂਦਰ ਗੂੜ੍ਹੀ।
ਜਿਸ ਮਾਫੀ ਮੰਗੀ ਪੰਥ ਤੋਂ, ਮੂੰਹ ਲੈ ਕੇ ਤੂੜੀ।
ਉਹ ਸਹੀ ਸਲਾਮਤ ਘਰ ਗਿਆ,ਲੈ ਕੇ ਜ਼ਿੰਦ ਮੂੜੀ।

੩੯. ਇਉਂ ਲੜਦੇ ਭਿੜਦੇ ਖਾਲਸੇ, ਰੜ ਅੰਦਰ ਆਏ।
ਆ ਬੇਹ ਤੇ ਕਮਰਾਂ ਖੋਲ੍ਹੀਆਂ, ਲਖ ਸ਼ੁਕਰ ਮਨਾਏ।

ਪਾ ਵਿਚ ਮਿਆਨ ਭਗਉਤੀਆਂ, ਨਿਸ਼ਾਨ ਝੁਲਾਏ।
ਤੂੰ ਧੰਨ ਧੰਨ ਚੀਨੀ ਵਾਲਿਆ, ਜਿਸ ਸਿਦਕ ਪੁਗਾਏ।
ਜੋ ਬੋਲ ਜ਼ਬਾਨੋਂ ਕਹੇ ਸੀ, ਸਿਰ ਨਾਲ ਨਿਭਾਏ।
ਯੱਸ ਤੇਰਾ ਦੇਸ ਪੁਜਾਰੀਆਂ, ਜਗ ਕਿਉਂ ਨਾ ਗਾਏ।

੪੦. ਆ ਲੱਗਾ ਮੇਲਾ ਥੇਹ ਤੇ, ਚਲ ਸੰਗਤਾਂ ਆਈਆਂ।
ਉਨ੍ਹਾਂ ਪੀਤੇ ਗੁੜ੍ਹੇ ਰਗੜ ਕੇ, ਸੁੱਖੇ ਸਰਦਾਈਆਂ।
ਫਿਰ ਆਖਿਆ ਹੀਰਾ ਸਿੰਘ ਨੇ, ਦੇਰਾਮ ਦੁਹਾਈਆਂ।
ਨਾ ਮਰਦ ਮੈਦਾਨੋਂ ਭਜਦੇ, ਲਖ ਹੋਣ ਬਲਾਈਆਂ।
ਜੋ ਤੇਗ ਬਹਾਦਰ ਗੁਰੂ ਤੋਂ, ਲੀਕਾਂ ਲਿਖਵਾਈਆਂ।
ਉਹ ਕੂਕ ਕੂਕ ਕੇ ਕੂਕਿਆਂ, ਸਿਰਨਾਲ ਨਿਭਾਈਆਂ।

੪੧. ਜਿਨ੍ਹਾਂ ਸੀਸ ਵਾਰਨਾਂ ਧਰਮ ਤੋਂ, ਉਫ ਰਤਾਨਕਰਨੀ।
ਜਿਨ੍ਹਾਂ ਮਰਨਾ ਵਿਚ ਮੈਦਾਨ ਦੇ, ਦਰਦਾਂ ਦੀ ਮਰਨੀ।
ਜਿਨ੍ਹਾਂ ਕਰ ਗੁਜ਼ਾਰੀ ਆਪਣੀ, ਸਿਰ ਦੇ ਕੇ ਭਰਨੀ।
ਜਿਨ੍ਹਾਂ ਨਾਰ ਸ਼ਹੀਦੀ ਲਾੜਿਆਂ, ਹਸ ਹਸ ਕੇ ਵਰਨੀ।
ਜਿਨ੍ਹਾਂ ਪੀੜ ਪਰਾਈ ਆਪਣੀ, ਛਾਤੀ ਤੇ ਜਰਨੀ।
ਉਹ ਰਹਿਣ ਜਿਨ੍ਹਾਂ ਨੇ ਲਗਣਾਂ, ਸਤਿਗੁਰ ਦੀਚਰਨੀ।

੪੨. ਇਹ ਕਹਿੰਦੇ ਕਹਿੰਦੇ ਜੋਸ਼ ਖਾ, ਸਭ ਸੂਰੇ ਆਏ।
ਆ ਠਾਣੇ ਨੇੜੇ ਗੱਜ ਕੇ, ਜੈਕਾਰ ਲਾਏ।

ਕਰ ਹਿੰਮਤ ਫੜ ਲੌ ਪੁਲਸੀਉ, ਸ਼ੇਰਾਂ ਦੇ ਜਾਏ।
ਜਿਨ੍ਹਾਂ ਵਿਚ ਮਲੇਰ ਕੋਟਲੇ, ਸ਼ਸਤਰ ਚਮਕਾਏ।
ਜਿਨ੍ਹਾਂ ਵਢ ਵਢ ਬੁਚੜ ਆਕੜੇ, ਧਰਤੀ ਤੇ ਪਾਏ।
ਜਿਨ੍ਹਾਂ ਭਰ ਫਰ ਬੇੜੇ ਜ਼ੁਲਮ ਦੇ, ਰਤ ਧਾਰ ਵਹਾਏ।

੪੩. ਅਸੀ ਚਾਹੁੰਦੇ ਹਾਂ ਸੰਸਾਰ ਨੂੰ ਮਰ ਕੇ ਵੀ ਵਸੀਏ।
ਤਕ ਮੌਤ ਖਲੋਤੀ ਸਾਹਮਣੇ, ਖਿੜ ਖਿੜ ਕੇ ਹਸੀਏ।
ਅਸੀਂ ਫਾਂਸੀ ਤੋਪਾਂ ਵੇਖ ਕੇ, ਹਸ ਕਮਰਾਂ ਕਸੀਏ।
ਹਾਂ ਚੀਨੀ ਵਾਲੇ ਗੁਰੂ ਦੇ, ਸਤਸੰਗੀ ਰਸੀਏ।
ਅਸੀਂ ਆਸ਼ਕ ਉਸਦੇ ਨਾਮ ਦੇ, ਸੁਰਤੀ ਵਿਚ ਫਸੀਏ
ਹੁਣ ਸਿਰੌਂ ਪਰੇਰੇ ਖੇਡ ਕੇ, ਚਰਨਾਂ ਵਿਚ ਵਸੀਏ।

੪੪. ਆ ਘੇਰੇ ਪੁਲਸੀ ਧਾੜ ਨੇ, ਆਸ਼ਕ ਪਰਵਾਨੇ।
ਤਕ ਲੱਗਾ ਸ਼ਗਨ ਸ਼ਹਾਦਤੀ, ਨੱਚੇ ਮਸਤਾਨੇ।
ਨਾ ਕਣਾ ਭਰ ਕੀਤੇ ਕਿਸੇ ਵੀ ਸੰਗ ਸ਼ਰਮ ਬਹਾਨੇ।
ਸਨ ਸੱਤਰ ਜਿਨ੍ਹਾਂ ਪਾਲਣੇ, ਸਿਰ ਨਾਲ ਯਰਾਨੇ।
ਪਏ ਆਖਣ ਚੀਨੀ ਵਾਲਿਆ, ਲੈ ਸੀਸ ਬਿਆਨੇ।
ਦੇਹ ਦਾਤ ਹਸ ਕੇ ਨਾਮ ਦੀ, ਲਗ ਜਾਣ ਨਿਸ਼ਾਨੇ।

੪੫. ਚੌਪਾਸੀਂ ਤਾਰਾਂ ਖੜਕੀਆਂ, ਜਗ ਧੁੰਮਾਂ ਪਈਆਂ।
ਜਿਨ੍ਹਾਂ ਵਢੇ ਬੁਚੜ ਸ਼ਕਤੀਆਂ ਉਹ ਫੜੀਆਂ ਗਈਆਂ।

ਉਨ੍ਹਾਂ ਆਪੇ ਮੂੰਹੋਂ ਮੰਗ ਕੇ, ਗ੍ਰਿਫਤਾਰੀਆਂ ਲਈਆਂ।
ਉਹ ਹਾਲਾਂ ਤਕ ਵੀ ਜ਼ੁਲਮ ਤੇ, ਲੈਂਦੇ ਨੇ ਝਈਆਂ।
ਸੀ ਜਾਨ ਬਚਾ ਲੌ ਆਖਿਆ, ਰਲ ਮਿਲ ਕੇ ਕਈਆਂ।
ਪਰ ਦੀਨਾਂ ਮੂਲ ਨਾ ਮੰਨੀਆਂ, ਸਿਰ ਲਥ ਮੁਦਈਆਂ

੪੬. ਮੁੜ ਆਏ ਸਾਰੇ ਕੌਟਲੇ, ਅਣਖੀਲੇ ਕੂਕੇ।
ਜੋ ਅਣਖ ਪਕਾਉਣੀ ਜਾਣਦੇ, ਦੇ ਸੀਸ ਝਲੂ ਕੇ।
ਜਿਨ੍ਹਾਂ ਬੁਚੱੜ ਕੁਲ ਪੰਜਾਬ ਦੇ, ਇਕ ਵਢੌਂ ਫੂਕੇ।
ਤੱਕ ਜਿਨ੍ਹਾਂ ਨੂੰ ਜਮਰਾਜ, ਵੀ, ਚੂਚੇ ਜਿਉਂ ਚੂਕੇ।
ਜੋ ਫਨੀਅਰ ਵਾਂਗੂ ਜ਼ੁਲਮ ਦੇ, ਸਿਰ ਚੜ੍ਹ ਕੇ ਸ਼ੂਕੇ।
ਜਿਨ੍ਹਾਂ ਧਾਂਕ ਬਹਾਈ ਧਰਮ ਦੀ, ਕੁਲ ਪਾਪ ਝੂਲਕੇ।

੪੭. ਹਨ ਚਿਹਰੇ ਉਤੇ ਲਾਲੀਆਂ, ਨਾ ਮੂਲ ਉਦਾਸੇ।
ਹੈ ਮਰਨ ਮਨੁਸ਼ਾ ਸੂਰਿਆਂ, ਸਤਿਗੁਰ ਭਰਵਾਸੇ।
ਪਏ ਕਹਿਣ ਸ਼ਹੀਦੀ ਪੀਣ ਨੂੰ, ਸਿਰ ਕਰਨੇ ਕਾਸੇ।
ਅਸੀ ਜਾਨ ਟਿਕਾ ਕੇ ਤਲੀ ਤੇ, ਖੇਲਾਂਗੇ ਪਾਸੇ।
ਸਾਨੂੰ ਪੈਰੋਂ ਕੱਢ ਨ ਸਕਦੇ, ਲਾਲਚ ਦੇ ਝਾਸੇ।
ਸਿਰ ਨਾਲ ਨਿਭਾਵਾਂਗੇ, ਸਦਾ, ਕਰ ਬਚਨ ਖੁਲਾਸੇ।

੪੮. ਲੈ ਆਂਦੇ ਘੇਰ ਜਮਾਲਪੁਰ ਮੌਤਾਂ ਦੇ ਸਾਈਂ।
ਜਿਨ੍ਹਾਂ ਸੀਸ ਟਿਕਾ ਕੇ ਤਲੀ ਤੇ ਛੁਡਵਾਈਆਂ ਗਾਈਂ

ਜਿਨ੍ਹਾਂ ਧਕਾ ਹੁੰਦਿਆਂ ਰੋਕਿਆ, ਵਿਚ ਸ਼ਹਿਰਗਿਰਾਈਂ।
ਜੋ ਇਕ ਦਿਨ ਬੁਰੜਾਂ ਵਾਸਤੇ, ਸੀ ਬਣੇ ਬਲਾਈਂ।
ਓਹਨਾ ਦਿਲ ਦੇ ਵਿਚ ਵਸਾ ਕੇ, ਗੁਰ ਕੂਕੇ ਤ੍ਰਾਈਂ।
ਕਿਹਾ ਕਿਣਕਾ ਆਪਣੀ ਮਿਹਰ, ਦਾਸਾਂਡੇ ਸਿਰਪਾਈਂ।

੪੯. ਨੌਂ ਤੋਪਾਂ ਵਿਚ ਮੁਕਾਬਲੇ, ਬਣ ਠਣ ਕੇ ਆਈਆਂ।
ਜੋ ਮਣ ਮਣ ਦਾਰੂ ਖਾਂਦੀਆਂ, ਚਲਣ ਹਲਕਾਈਆਂ।
ਤਕ ਕਿਲ੍ਹੇ ਜਿਨ੍ਹਾਂਦੀ ਚਲ ਨੂੰ, ਡਿਗਣ ਵਿਚਖਾਈਆਂ।
ਜੋ ਪਰਬਤ ਵੇਖਣ ਸਾਮ੍ਹਣੇ, ਚਲ ਜਾਣ ਹਵਾਈਆਂ।
ਓਹਰਣ ਚੰਡੀ ਦੀਆਂ ਚੇਲੀਆਂ, ਮੌਤਾਂ ਮੂੰਹ ਲਾਈਆਂ।
ਨਾ ਜਾਗੇ ਧਰਤੀ ਜਿਸ ਥਾਂ, ਇਹ ਜਾਣ ਚਲਾਈਆਂ।

੫੦. ਝਟ ਗਿਰਦੇ ਸਾਢੇ ਸਤ ਸੌ, ਖੜ ਗਏ ਜਰਵਾਣੇ।
ਪਟਿਆਲਾ ਨਾਭਾ ਜੀਂਦ ਦੇ, ਓਹ ਆਦਮ ਖਾਣੇ।
ਇਹ ਪੁਲਸ ਬੜੀ ਸ਼ਾਰਜ਼ੋਰ ਸੀ, ਕੁਲ ਆਲਮ ਜਾਣੇ।
ਰਗ ਰਗ ਵਿਚ ਕਈ ਸ਼ਰਾਰਤਾਂ ਕਰਦੇ ਮਨ ਮਾਣੇ।
ਜਿਉਂ ਫੁਲਾਂ ਗਿਰਦੇ ਰੱਖਦੇ ਕਰ ਵਾੜ ਸਿਆਣੇ।
ਤਿਉਂ ਚਪੇ ਚਪੇ 'ਚਾਤਰਾ' ਬੈਠੇ ਸੀ ਠਾਣੇ।

੫੧. ਕੀ ਕਾਵਨਨਾਂ ਅੰਗਰੇਜ਼ਦਾ, ਬਣ ਡੀ. ਸੀ. ਆਇਆ।
ਉਸ ਚਾਰ ਚੁਫੇਰੇ ਢੰਡੋਰਚੀ, ਘਲ ਢੋਲ ਵਜਾਇਆ।

ਉਹ ਦੋਸ਼ੀ ਤੋਪਾਂ ਸਾਹਮਣੇ, ਜਾਸੀ ਉਡਵਾਇਆ ।
ਜਿਨ੍ਹਾਂ ਕੀਤਾ ਵਿਚ ਪੰਜਾਬਦੇ, ਆਅਮਨ ਸਫਾਇਆ ।
ਜਿਸ ਤਕਣੀਆਂ ਤੋਪਾਂ ਚਲਦੀਆਂ, ਮਨ ਸ਼ੌਕ ਸਵਾਇਆ।
ਆ ਵੇਖੋ ਵਿਚ ਮੈਦਾਨ ਦੇ, ਕਾਵਨ ਦੀ ਮਾਇਆ ।

੫੨. ਜਿਨ੍ਹਾਂ ਮਨ ਵਿਚ ਡਰ, ਅੰਗਰੇਜ਼ ਦਾ, ਨ ਰਖਿਆ ਮਾਸਾ ।
ਜਿਨ੍ਹਾਂ ਵਢਿਆ ਵਿਚ ਪੰਜਾਬ ਦੇ, ਬੁਚੜਾਂ ਦਾ ਪਾਸਾ ।
ਜਿੰਦ ਲੈਣੀ ਦੇਣੀ ਜਿਨ੍ਹਾਂ ਦਾ, ਬਣਿਆ ਸੀ ਹਾਸਾ ।
ਜੋ ਜਗ ਵਿਚ ਵਡੇ ਖਾੜਕੂ, ਸਿਰ ਧਾਰ ਮੁੜਾਸਾ ।
ਓਹ ਉਡਦੇ ਤੋਪਾਂ ਸਾਹਮਣੇ, ਧਰ ਗੁਰ ਮਰਵਾਸਾ ।
ਆ ਵੇਖਣ ਜਿਨ੍ਹਾਂ ਵੇਖਣਾ ਅਸਚਰਜ ਤਮਾਸ਼ਾ ।

੫੩. ਇਹ ਢੋਲ ਢਮੱਕਾ ਸੁਣਦਿਆਂ, ਸਭ ਵੇਖਣ ਆਏ ।
ਕਿਂਵ ਹਸ ਹਸ ਜਾਨਾਂ ਵਾਰਦੇ, ਮਾਵਾਂ ਦੇ ਜਾਏ ।
ਕਿੰਵ ਝਗੜ ਝਗੜ ਕੇ ਸੂਰਮਾਂ, ਛਾਤੀ ਅਕੜਾਏ ।
ਕਿੰਵ ਤੋਪਾਂ ਨਾਲ ਲੜਾਉਣਗੇ, ਨੇਤਰ ਨਸ਼ਿਆਏ ।
ਇਕ ਸਿਖ ਸੁਣੀਂ ਦਾ ਸੂਰਮਾ, ਲੱਖਾਂ ਨੂੰ ਖਾਏ ।
ਅਜ ਤੱਕੀਏ ਗੋਲਾ ਤੋਪ ਦਾ, ਕਿਸ ਤਰ੍ਹਾਂ ਚਬਾਏ ।

੫੪. ਦੋ ਤੋਪਾਂ ਵਿਚ ਮੁਕਾਬਲੇ, ਮੈਦਾਨੀ ਆਈਆਂ ।
ਕਿਤੇ ਕੂਕੇ ਦੂਰੋਂ ਨੇੜਿਓਂ, ਨਾ ਕਰਨ ਚੜ੍ਹਾਈਆਂ ।

ਜੋ ਮਿਲ ਕੇ ਹੱਲਾ ਮਾਰਿਆ, ਭੈਣੀ ਦਿਆਂ ਸਾਂਈਆਂ।
ਤਾਂ ਉਸ ਵੇਲੇ ਕਲਜੋਗਣਾਂ, ਇਹ ਜਾਣ ਚਲਾਈਆਂ।
ਪਰ ਜਿਨ੍ਹਾਂ ਜਾਨਾਂ ਤਲੀ ਤੇ,ਦਿਲ ਧਾਰ ਟਿਕਾਈਆਂ।
ਓਹ ਕਦੇ ਨਾ ਹੁੰਦੇ 'ਚਾਤਰਾ', ਮੋਹਰਾਂ ਤੋਂ ਪਾਈਆਂ।

੫੫. ਤਕ ਬੱਝੇ ਆਣ ਨਜ਼ਾਰੇ, ਵਿਚ ਮੈਦਾਨ ਦੇ।
ਆ ਮੌਤਾਂ ਦੇ ਖੜਕਾਰੇ, ਸੰਗਲ ਖੜਕਦੇ।
ਇਓਂ ਕੂਕੇ ਗਏ, ਖਲ੍ਹਾਤੇ ਤੋਪਾਂ ਸਾਹਮਣੇ।
ਜਿਉਂ ਰਾਂਝੇ ਹੀਰ ਦੁਆਰੇ, ਤਲਬ ਦੀਦਾਰ ਦੀ।
ਜਾਂ ਬਣ ਠਣ ਰਾਜ ਦੁਲਾਰੇ, ਖੜੇ ਸਵੰਬਰੀਂ।
ਜਾਂ ਮੰਡੀ ਵਿਚ ਵਣਜਾਰੇ, ਸੌਦਾ ਮਾਰਦੇ।
ਸੀ ਭਾਵੇਂ ਸੌ ਹਤਿਆਰੇ, ਲਾਂਭੀ ਗਾਰਦਾਂ।
ਪਰ 'ਚਾਤਰ' ਮਰਦ ਮੁਨਾਰੇ, ਰਤਾ ਨਾ ਡਿਲਦੇ
੫੬. ਦੇਹ ਤੂੰਬਿਆਂ ਵਾਂਗ ਉਡਾਈ ਤੋਪਾਂ ਚਲ ਕੇ
ਪਰ ਮਰਦਾਂ ਅਣਖ ਵਿਖਾਈ ਆਣ ਕਮਾਲ ਦੀ।
ਨਾ ਅੱਖ ਜਰਾ ਝਮਕਾਈ, ਸ਼ੇਰਾਂ ਕੂਕਿਆਂ।
ਜਿੰਦ ਨਿਕਲੇ ਵਾਂਗ ਹਵਾਈ, ਜਾਵੇ ਅਰਸ਼ ਨੂੰ।
ਜਾ ਸੂਰਜ ਵਿਚ ਸਮਾਈ, ਕਾਰ ਜੁਆਨ ਦੀ।
ਉਸ ਕਰ ਦਿਤੀ ਰੁਸ਼ਨਾਈ, ਸਾਰੇ ਦੇਸ਼ ਤੇ।
ਬਈ ਜਿਨ੍ਹਾਂ ਜਾਨ ਲੜਾਈ, ਫਰਜ਼ ਪਛਾਣ ਕੇ।
ਇਸ ਜਗ ਤੇ ਧੰਨ ਕਮਾਈ, ਚਾਤਰ ਉਨ੍ਹਾਂ ਦੀ।

੫੭. ਇਕ ਕੂਕਾ ਹੈਸੀ ਆਇਆ, ਨੀਵੇਂ ਕੱਦ ਦਾ।
ਉਸ ਆਪੇ ਬੜਾ ਬਣਾਇਆ, ਇੱਟਾਂ ਜੋੜ ਕੇ।
ਰੰਗ ਹੋਇਆ ਦੂਣ ਸਵਾਇਆ, ਖਾਰੇ ਚੜ੍ਹਦਿਆਂ।
ਰਣ ਅੰਦਰ ਉਸਦੀ ਮਾਇਆ ਵੇਖੀ, ਸਾਰਿਆਂ।
ਜਿਨ ਲਾਹ ਕੇ ਸੀਸ ਟਿਕਾਇਆ, ਉੱਤੇ ਤਲੀ ਦੇ।
ਉਸ ਭੇਤ ਸਜਣ ਦਾ ਪਾਇਆ, ਆਸ਼ਕ ਮਰਦ ਨੇ।
ਪਰ ਉਹ ਵੀ ਸਫਨ ਸਵਾਇਆ, ਕੀਤਾ ਤੋਪ ਨੇ।
ਨਾ ਪਿਛੇ ਪੈਰ ਹਟਾਇਆ, 'ਚਾਤਰ' ਯਾਰ ਨੇ।

—o—

੫੮. ਬਾਰਾਂ ਤੇਰਾਂ ਵਰ੍ਹੇ ਦਾ, ਨਾਂ, ਬਿਸ਼ਨ ਸਿੰਘ ਲਲਕਾਰੀ।
ਵੇਖ ਖਲੋਤਾ ਸਾਹਮਣੇ, ਦਿਲ ਮੇਮ ਦੇ ਫਿਰੀ ਕਟਾਰੀ
ਨਾਲ ਇਸ਼ਾਰੇ ਸੱਦਿਆ, ਦਸੀ ਉਹਨੂੰ ਦਿਲ ਦੀ ਸਾਰੀ
ਜੇਕਰ ਆਖੇਂ ਮੈਂ ਨਾ, ਰਾਮ ਸਿੰਘ ਦੀ, ਸਿਖੀ ਧਾਰੀ।
ਮੈਂ ਨਹੀਂ ਕੂਕੇ ਪੰਥ ਦੀ, ਦਿਲੋਂ ਕਰਾਂਗਾ ਕਾਰਗੁਜਾਰੀ
ਮਾਫੀ ਮੰਗ ਬਚਾ ਲੈ, ਸੋਹਲ ਸੁਣੱਖੀ, ਜਿੰਦ ਪਿਆਰੀ।
ਇਸ ਦੁਨੀਆਂ ਤੇ ਮੂਰਖਾ ਕੋਈ ਨਾ ਆਇਆ ਦੂਜੀ ਵਾਰੀ
ਇਸ ਲਈ ਬਿਨਾਂ ਵਿਚਾਰਿਓਂ ਲਾ ਨਾ ਜਾਵੀਂ ਕਿਤੇ ਉਡਾਰੀ
ਇਵੇਂ ਸਿੰਘ ਨੂੰ ਮੇਮ ਪੁਕਾਰੀ।

੫੯. ਸੁਣ ਕੇ ਗਲ ਜੁਆਨ ਨੇ, ਕਿਹਾ, ਮੈਮ ਨੂੰਏਵੇਂ ਕਰਸਾਂ ।
ਪਰ ਮੈਂ ਲੋਕਾਂ ਸਾਹਮਣੇ, ਕਿਦਾਂ ਲਫਜ਼ ਜ਼ਬਾਨੋਂ ਧਰਸਾਂ ।
ਕੰਨ ਵਿਚ ਕਹੋਤਾਂ ਕਹਿ ਦਿਆਂ, ਉਚਾ ਸਾਹ ਕਦੇ ਨਾ ਭਰਸਾਂ
ਮੈਂ ਵੀ ਆਖਰ ਸਿੰਘ ਹਾ, ਸਿੰਘਾ ਵਾਂਗਰ ਹੀ ਰਤ ਤਰਸਾਂ ।
ਸਿੰਘਾਂ ਵਾਂਗ ਵੰਗਾਰ ਕੇ, ਹਸ ਹਸ, ਨਾਰ ਸ਼ਹੀਦੀ ਵਰਸਾਂ ।
ਇਕ ਗੋਲਾ ਕੀ ਲੱਖ ਵੀ, ਆਵੇ, ਤਾਂ ਛਾਤੀ, ਤੇ ਜਰਸਾਂ ।
ਕਰਦੇ ਤੁੰਮ ਡਰਾਵਿਓਂ, ਮੈਂ ਨਾ ਮੌਤੋਂ ਹਰਗਿਜ਼ ਡਰਸਾਂ ।
ਨਹੀਂ ਤਾਂ ਮੈਂ ਵੀ ਤਤੀਏ ਨ੍ਹਾ ਨ੍ਹਾ ਕੇ ਰਤ ਅੰਦਰ ਠਰਸਾਂ ।
ਮਰਦਾਂ ਵਾਂਗ ਮੈਦਾਨੇ ਮਰਸਾਂ ।

੬੦. ਜਦ ਇਹ ਬਣਤ ਬਣਾਈ ਕੰਨ ਵਿਚ' ਕਹਿਣ ਦੀ ।
ਉਡ ਕੇ ਵਾਗ ਹਵਾਈ, ਪਹੁੰਚਾ ਸੂਰਮਾਂ ।
ਜਾਂਦੇ ਪਕੜ ਹਿਲਾਈ, ਦਾੜ੍ਹੀ ਸਾਹਿਬ ਦੀ ।
ਉਸ ਕੁਰਲਾਹਟ ਪਾਈ, ਰੋਕੋ, ਏਸ ਨੂੰ ।
ਭੱਜੇ ਆਏ ਕਸਾਈ, ਅਫਸਰ ਪੁਲਸ ਦੇ ।
ਸਿੰਘ ਨੇ ਵੀਹ ਪੁਚਾਈ, ਛੱਡੀ ਮੂਲ ਨਾ ।
ਆਖੇ ਰਾਮ ਦੁਹਾਈ ਲੋਕੋ, ਸੁਣ ਲਵੋ ।
ਇਕੋ ਰਾਸ ਬਣਾਈ, ਕੂਕੇ ਕਾਲ ਦੀ ।

੧. ਹਰਨਾਮ ਸਿੰਘ ਇਕ ਲਾਲ, ਗੁਰੂ ਦਾ ਖਾਲਸਾ ।
ਓ ਤੁਰਿਆ ਰੜ ਤੋਂ ਨਾਲ, ਸੀ, ਲੈ ਕੇ ਲਾਲਸਾ ।
ਮੌਤ ਰਚ ਅਖਾੜਾ ਮੰਗ, ਹੈ, ਮੌਤ ਵਿਆਹੁਣੀ ।

ਮੈਂ ਘੱਲਾਂ ਵੀਰਾਂ ਸੰਗ, ਇਹ, ਜਿੰਦ ਪਰਾਹੁਣੀ।
ਮੈਨੂੰ ਹਟ ਕੇ ਕੋਈ ਨਾ ਵੀਰ, ਵਿਖਾਵਾਂ ਖੋਲ ਕੇ।
ਗੁਰ ਦਿਲ ਨੂ ਦਿਤੀ ਧੀਰ, ਤੁਹਾਨੂੰ, ਮੇਲ ਕੇ।
ਲੈ ਮੈਨੂੰ ਆਪਣੇ ਨਾਲ, ਤੁਰੋ, ਸਤ ਸੰਗੀਓ।
ਮੈਂ ਜ਼ੋਰਾ ਵਰ ਜਿਹਾ ਬਾਲ, ਬਣਾਂਗਾ ਜੰਗੀਓ।

੬੨. ਇਹ ਗੁਰਮੁਖ ਰੜ ਦਾ, ਵਾਸੀ, ਹੈਸੀ ਸੂਰਮਾਂ।
ਸੀ ਮਰਦਾਂ ਵਾਂਗੂ ਹਾਸੀ ਜਾਣੇ ਮੌਤ ਨੂੰ।
ਸੀ ਸੰਚਾ ਗੁਰ ਅਬਿਨਾਸੀ, ਹਰਦਮ ਸਿਮਰਦਾ।
ਵਾਹ ਅੰਦਰ ਪੂਰਨਮਾਸ਼ੀ, ਪਿਆ ਜੋਤ ਅਗੰਮ।
ਪਿਆ ਆਖੇ ਕਰੋ ਖਲਾਸ਼ੀ, ਗੋਲਾ ਮਾਰ ਕੇ।
ਮੇਰਾ ਸਿਮਰਨ ਕੇਸੀਂ ਸਾਸੀ, ਨਿਭ ਜਾਏ ਦੋਸਤੋ।
ਇਉਂ ਉਡਿਆ ਉਹ ਵਿਸਵਾਸੀ, ਕੂਕਾ ਬਾਲਕਾ।
ਜਿਉਂ 'ਚਾਤਰ' ਚੜ੍ਹੇ ਅਕਾਸੀ, ਰਾਕਟ ਰੂਸ ਦਾ।

੬੩. ਇਉਂ ਵਾਰੀ ਵਾਰੀ ਕੂਕਿਆਂ, ਕੁਰਬਾਨੀ ਦਿਤੀ।
ਜੋ ਆਗਿਆ ਆਈ ਇਸ਼ਟ ਦੀ, ਕਰ ਪੂਰੀ ਲੀਤੀ।
ਇਹ ਬਾਜ਼ੀ ਵਿਚ ਮੈਦਾਨ ਦੇ, ਜਿੰਦ ਲਾ ਕੇ ਜਿਤੀ।
ਨਾ ਰਤਾ ਡੁਲਾਈ ਆਤਮਾ, ਕਰ ਕੇ ਦੋ ਚਿਤੀ।
ਨਾ ਕੀਤੀ ਇਸ਼ਕ ਲਗਾ ਕੇ, ਅਖ ਜਿਨ੍ਹਾਂ ਪਸਿਚੀ।
ਉਹ ਧੁਰ ਮੰਜ਼ਲ ਤੇ ਪਹੁੰਚਦੇ, ਹੋ ਫਿਤੀ ਫਿਤੀ।

੬੪. ਹੋ ਪੁਰਜੇ ਪੁਰਜੇ ਉਡ ਗਏ, ਸਾਰੇ ਅਸਮਾਨੀ।

ਨਾ ਸਿਦਕ ਡੁਲਾਇਆ ਕੂਕਿਆਂ, ਲੈ ਲਈ ਵੈਰਾਨੀ।
ਨਾ ਅਖ ਝੱਮਕੀ ਰਤਾ ਵੀ, ਤਕ ਮੌਤ ਹੈਰਾਨੀ।
ਹਸ ਹਸ ਚੇ ਲਾ ਗਏ ਬਾਜੀਆਂ, ਜਾਨਾਂ ਦੇ ਦਾਨੀ।
ਜੋ ਸੂਰੇ ਸਿਰ ਤੇ ਖੇਲਦੇ ਕਰ ਚੋਜ ਵਿਡਾਨੀ।
ਉਹ ਦੁਨੀਆਂ ਦੇ ਇਤਿਹਾਸ ਨੂੰ, ਲਾ ਜਾਣ ਨਿਸ਼ਾਨੀ।

੫. ਇਉਂ ਰਖ ਵਿਖਾਈ ਕੂਕਿਆਂ, ਕੁਲ ਆਲਮ ਜਾਣੇ।
ਸਭ ਤੋਪਾਂ ਹਿੱਕੀ ਝੱਲੀਆਂ, ਸਤਿਗੁਰ ਦੇ ਭਾਣੇ।
ਹੈ ਆਨ ਵਿਆਹੀ ਸੰਜੋਗਤਾ, ਵਿੰਹਦੇ ਰਹੇ ਰਾਣੇ।
ਉਨ੍ਹਾਂ ਅਣਖ ਪੁਗਾਈ ਆਖਰੀ, ਕਰ ਜ਼ਾਲਮ ਕਾਣੇ।
ਸੋ ਸੀਸ ਤਲੀ ਤੇ ਰੱਖਦੇ, ਜਗ ਪਾਪ ਮਿਟਾਣੇ।
ਇਹ 'ਚਾਤਰ' ਸਾਕੇ ਉਨ੍ਹਾਂ ਦੇ, ਨਾ ਹੋਣ ਪੁਰਾਣੇ।

ਦੋ ਵਾਰਾਂ ਅੱਗੇ ਪੜ੍ਹੋ

'ਦਰਬਾਰ ਪ੍ਰਿੰਟਿੰਗ ਪ੍ਰੈਸ, ਚੌਂਕ ਘੰਟਾ ਘਰ ਵਿਚ ਛਪਿਆ'
ਪ੍ਰਿੰਟਰ:—ਗਿਆਨ ਪ੍ਰਤਾਪ ਸਿੰਘ

# ਘਰ ਬੈਠੇ ਈ

ਸਾਡੀ ਦੁਕਾਨ ਤੋਂ ਹਰ ਕਿਸਮ ਦੇ ਕੜੇ ਕੰਘੇ
ਛੋਟੀਆਂ ਕ੍ਰਿਪਾਨਾਂ, ਚੱਕਰ, ਦੰਦ ਖੰਡ
ਸੰਦਲ ਚਿਕੜੀ ਦਾ ਸਮਾਨ, ਅੰਮ੍ਰਿਤ
ਸਰੀ ਪਾਪੜ ਵੜੀਆਂ, ਸੀਤੇ
ਸਿਤਾਏ ਕਛਹਿਰੇ, ਉਨ ਦੀਆਂ
ਤੇ ਦੂਜੀਆਂ ਮਾਲਾਂ ਸਿਮਰਨੇ
ਤੇ ਹੋਰ ਜੋ ਕੁਝ ਤੁਸੀਂ ਚਾਹੋ
ਬਜ਼ਾਰ ਨਾਲੋਂ ਸਸਤੇ ਮਿਲ
ਸਕਦੇ ਹਨ ਉਲਾਂਮੇਂ
ਦੀ ਗੁੰਜਾਇਸ਼
ਨਹੀਂ ਹੋਵੇਗੀ

ਮਿਲਣ ਦਾ ਪਤਾ—

**ਪਾਲਾ ਸਿੰਘ ਗੁਰਚਰਨ ਸਿੰਘ ਨਾਮਧਾਰੀ**

ਬਜ਼ਾਰ ਮਾਈ ਸੇਵਾ
ਅੰਮ੍ਰਿਤਸਰ